# DR KUSHVINDER KUMAR AS CHIEF GUEST- NATIONAL YOUTH DAY CELEBRATED AT PUNJAB JAIL TRAINING SCHOOL

ਰੋਜ਼ਾਨਾ ਚੜ੍ਹਦੀਕਲਾ, ਪਟਿਆਲਾ (ਮੰਗਲਵਾਰ, 15 ਜਨਵਰੀ 2019)

# ਪੰਜਾਬ ਜੇਲ੍ਹ ਟ੍ਰੇਨਿੰਗ ਸਕੂਲ ਵਿਖੇ ਰਾਸ਼ਟਰੀ ਯੂਥ ਦਿਵਸ ਮਨਾਇਆ



ਪਟਿਆਲਾ, 14 ਜਨਵਰੀ (ਚ.ਨ.ਸ.) : ਇਥੇ ਪੰਜਾਬ ਜੇਲ ਟਰੇਨਿੰਗ ਸਕੂਲ ਵਿਖੇ ਰਾਸ਼ਟਰੀ ਯੂਥ ਦਿਵਸ ਮਨਾਇਆ ਗਿਆ, ਜਿਸ ਵਿੱਚ ਪੰਜਾਬ ਜੇਲ ਵਿਭਾਗ ਦੇ ਜਵਾਨਾਂ ਅਤੇ ਮਹਿਲਾ ਕਰਮਚਾਰੀਆਂ ਨੇ ਵਧ ਚੜ੍ਹ ਕੇ ਹਿੱਸਾ ਲਿਆ। ਇਸ ਸਮਾਰੋਹ 'ਚ ਮੁਲਤਾਨੀ ਮੱਲ ਮੋਦੀ ਕਾਲਜ ਦੇ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ। ਉਹਨਾਂ ਸਵਾਮੀ ਵਿਵੇਕਾਨੰਦ ਦੇ ਜੀਵਨ, ਤਿਆਗ ਅਤੇ ਰਾਸ਼ਟਰ ਦੀ ਉੱਨਤੀ ਲਈ ਕੀਤੇ ਕੰਮਾਂ ਬਾਰੇ ਵਿਚਾਰ ਸਾਂਝੇ ਕੀਤੇ। ਇਸ ਮੌਕੇ ਜੇਲ ਸਿਖਲਾਈ ਸਕੂਲ ਦੇ ਵਾਇਸ ਪ੍ਰਿੰਸੀਪਲ ਸ੍ਰੀ ਰਾਕੇਸ਼ ਕੁਮਾਰ ਸ਼ਰਮਾ ਨੇ ਕੁਰੈਕਸ਼ਨਲ ਸਰਵਿਸ ਦੀ ਸਮਾਜ 'ਚ ਭੂਮਿਕਾ ਬਾਰੇ ਜਾਣਕਾਰੀ ਦਿੱਤੀ। ਸਮਾਜ ਸੇਵੀ ਸ੍ਰੀ ਕਾਕਾ ਰਾਮ ਵਰਮਾ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਜਦੋਂ ਕਿ ਕੈਰੀਅਰ ਅਕੈਡਮੀ ਪਟਿਆਲਾ ਦੇ ਵਿਦਿਆਰਥੀਆਂ ਨੇ ਸੰਗੀਤਕ ਪੇਸ਼ਕਾਰੀ ਦਿੱਤੀ। ਪ੍ਰੋਗਰਾਮ ਦੌਰਾਨ ਸੀ.ਡੀ.ਆਈ. ਸ. ਇਕਬਾਲ ਸਿੰਘ, ਸਹਾਇਕ ਸੁਪਰਡੈਂਟ ਹਰਪਾਲ ਸਿੰਘ ਸਮੇਤ ਸੰਸਥਾ ਵਿੱਚ ਸਿੱਖਿਆ ਪ੍ਰਾਪਤ ਕਰ ਰਹੇ ਸਿਖਿਆਰਥੀਆਂ ਨੇ ਹਿੱਸਾ ਲਿਆ, ਉਨ੍ਹਾਂ ਨੇ ਮਾਨਵਤਾ ਦੀ ਸੇਵਾ ਅਤੇ ਦੇਸ਼ ਦੀ ਤਰੱਕੀ ਲਈ ਆਪਣਾ ਹਰ ਯੋਗਦਾਨ ਦੇਣ ਲਈ ਵਚਨਬੱਧਤਾ ਦੋਹਰਾਈ। ਇਸ ਮੌਕੇ ਸਿਖਿਆਰਥੀਆਂ ਨੇ ਦੇਸ਼ ਪ੍ਰਤੀ ਵਫਾਦਾਰੀ ਉੱਨਤੀ ਅਤੇ ਆਪਣੇ ਆਲੇ-ਦੁਆਲੇ ਨੂੰ ਸਵੱਛ ਬਣਾਉਣ ਲਈ ਸਹੁੰ ਚੁੱਕੀ।

दैनिक जागरण लुधियाना/पटियाला, 15 जनवरी 2019




पंजाब जेल ट्रेनिंग स्कूल में राष्ट्रीय यूथ दिवस दौरान गणमान्यों को सम्मानित करते हुए।

# पंजाब जेल ट्रेनिंग स्कूल में राष्ट्रीय यूथ दिवस मनाया

जागरण संवाददाता.पटियाला : पंजाब जेल ट्रेनिंग स्कूल में राष्ट्रीय यूथ दिवस मनाया गया। जिसमें पंजाब जेल विभाग के जवानों और महिला कर्मचारियों ने बढ़-चढ़ कर हिस्सा लिया। इस समारोह में मुलतानी मल मोदी कालेज के प्रिंसिपल डा. खुशविंदर कुमार मुख्य मेहमान के तौर पर उपस्थित हुए। उन्होंने स्वामी विवेकानंद के जीवन, त्याग और राष्ट्र की उन्नती के लिए किये कामों बारे विचार सांझे किये।

इस मौके जेल प्रशिक्षण स्कूल के वाइस प्रिंसिपल राकेश कुमार शर्मा ने कुरेक्शनल सर्विस की समाज में भूमिका बारे जानकारी दी। समाज सेवी काका राम वर्मा ने भी अपने विचार पेश किये जबकि

**जेल प्रशिक्षण स्कूल के शिक्षार्थियों ने मानवता की सेवा करने और देश की तरक्की के लिए योगदान डालने की वचनबद्धता दोहराई**

कैरियर अकैडमी पटियाला के विद्यार्थियों ने संगीतक पेशकारी दी। प्रोगराम दौरान सीडीआई इकबाल सिंह, सहायक सुपरडेंट हरपाल सिंह समेत संस्था में शिक्षा प्राप्त कर रहे शिक्षार्थियों ने हिस्सा लिया, उन्होंने मानवता की सेवा और देश की तरक्की के लिए अपना हर योगदान देने के लिए वचनबद्धता दोहरायी। इस मौके शिक्षार्थियों ने देश प्रति वफादारी उन्नती और अपने आसपास को स्वच्छ बनाने के लिए कसम ली।

ਅਜੀਤ




ਪੰਜਾਬ ਜੇਲ੍ਹ ਟ੍ਰੇਨਿੰਗ ਸਕੂਲ ਵਿਖੇ ਰਾਸ਼ਟਰੀ ਯੂਥ ਦਿਵਸ ਮਨਾਏ ਜਾਣ ਦਾ ਦ੍ਰਿਸ਼। ਅਜੀਤ ਤਸਵੀਰ

# ਪੰਜਾਬ ਜੇਲ੍ਹ ਟ੍ਰੇਨਿੰਗ ਸਕੂਲ ਵਿਖੇ ਰਾਸ਼ਟਰੀ ਯੂਥ ਦਿਵਸ ਮਨਾਇਆ

ਪਟਿਆਲਾ, 14 ਜਨਵਰੀ (ਮਨਦੀਪ ਸਿੰਘ ਖਰੌੜ)- ਇੱਥੇ ਪੰਜਾਬ ਜੇਲ ਟ੍ਰੇਨਿੰਗ ਸਕੂਲ ਵਿਖੇ ਰਾਸ਼ਟਰੀ ਯੂਥ ਦਿਵਸ ਮਨਾਇਆ ਗਿਆ, ਜਿਸ 'ਚ ਪੰਜਾਬ ਜੇਲ੍ਹ ਵਿਭਾਗ ਦੇ ਜਵਾਨਾਂ ਅਤੇ ਮਹਿਲਾ ਕਰਮਚਾਰੀਆਂ ਨੇ ਵਧ ਚੜ੍ਹ ਕੇ ਹਿੱਸਾ ਲਿਆ। ਇਸ ਸਮਾਰੋਹ 'ਚ ਮੁਲਤਾਨੀ ਮੱਲ ਮੋਦੀ ਕਾਲਜ ਦੇ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ। ਉਨ੍ਹਾਂ ਸਵਾਮੀ ਵਿਵੇਕਾਨੰਦ ਦੇ ਜੀਵਨ, ਤਿਆਗ ਅਤੇ ਰਾਸ਼ਟਰ ਦੀ ਉੱਨਤੀ ਲਈ ਕੀਤੇ ਕੰਮਾਂ ਬਾਰੇ ਵਿਚਾਰ ਸਾਂਝੇ ਕੀਤੇ। ਇਸ ਮੌਕੇ ਜੇਲ ਸਿਖਲਾਈ ਸਕੂਲ ਦੇ ਵਾਈਸ ਪ੍ਰਿੰਸੀਪਲ ਰਾਕੇਸ਼ ਕੁਮਾਰ ਸ਼ਰਮਾ ਨੇ ਕੁਰੈਕਸ਼ਨਲ ਸਰਵਿਸ ਦੀ ਸਮਾਜ 'ਚ ਭੂਮਿਕਾ ਬਾਰੇ ਜਾਣਕਾਰੀ ਦਿੱਤੀ। ਪ੍ਰੋਗਰਾਮ ਦੌਰਾਨ ਇਕਬਾਲ ਸਿੰਘ, ਸਹਾਇਕ ਸੁਪਰਡੈਂਟ ਹਰਪਾਲ ਸਿੰਘ ਸਮੇਤ ਸੰਸਥਾ ਵਿਚ ਸਿੱਖਿਆ ਪ੍ਰਾਪਤ ਕਰ ਰਹੇ ਸਿਖਿਆਰਥੀਆਂ ਨੇ ਹਿੱਸਾ ਲਿਆ, ਉਨ੍ਹਾਂ ਨੇ ਮਾਨਵਤਾ ਦੀ ਸੇਵਾ ਅਤੇ ਦੇਸ਼ ਦੀ ਤਰੱਕੀ ਲਈ ਆਪਣਾ ਹਰ ਯੋਗਦਾਨ ਦੇਣ ਲਈ ਵਚਨਬੱਧਤਾ ਦੁਹਰਾਈ। ਇਸ ਮੌਕੇ ਸਿਖਿਆਰਥੀਆਂ ਨੇ ਦੇਸ਼ ਪ੍ਰਤੀ ਵਫਾਦਾਰੀ ਉੱਨਤੀ ਅਤੇ ਆਪਣੇ ਆਲੇ-ਦੁਆਲੇ ਨੂੰ ਸਵੱਛ ਬਣਾਉਣ ਲਈ ਸਹੁੰ ਚੁੱਕੀ।

ਪਟਿਆਲਾ ਬਾਣੀ

# ਪੰਜਾਬ ਜੇਲ ਟ੍ਰੇਨਿੰਗ ਸਕੂਲ 'ਚ ਮਨਾਇਆ 'ਰਾਸ਼ਟਰੀ ਯੂਥ ਦਿਵਸ'

## ਸਿਖਿਆਰਥੀਆਂ ਨੇ ਮਾਨਵਤਾ ਦੀ ਸੇਵਾ ਕਰਨ ਦੀ ਵਚਨਬੱਧਤਾ ਦੁਹਰਾਈ



ਪੰਜਾਬ ਜੇਲ ਟ੍ਰੇਨਿੰਗ ਸਕੂਲ ਵਿਚ ਮਨਾਏ ਗਏ ਰਾਸ਼ਟਰੀ ਯੂਥ ਦਿਵਸ ਮੌਕੇ ਹਾਜ਼ਰ ਪੁਲਸ ਕਰਮਚਾਰੀ। (ਸੁਖਵਿੰਦਰ)

ਪਟਿਆਲਾ, 14 ਜਨਵਰੀ (ਜੋਸਨ)-ਇੱਥੇ ਪੰਜਾਬ ਜੇਲ ਟ੍ਰੇਨਿੰਗ ਸਕੂਲ ਵਿਖੇ 'ਰਾਸ਼ਟਰੀ ਯੂਥ ਦਿਵਸ' ਮਨਾਇਆ ਗਿਆ। ਇਸ ਵਿਚ ਪੰਜਾਬ ਜੇਲ ਵਿਭਾਗ ਦੇ ਜਵਾਨਾਂ ਅਤੇ ਮਹਿਲਾ ਕਰਮਚਾਰੀਆਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ। ਸਮਾਰੋਹ 'ਚ ਮੁਲਤਾਨੀ ਮੱਲ ਮੋਦੀ ਕਾਲਜ ਦੇ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ। ਉਨ੍ਹਾਂ ਸਵਾਮੀ ਵਿਵੇਕਾਨੰਦ ਦੇ ਜੀਵਨ, ਤਿਆਗ ਅਤੇ ਰਾਸ਼ਟਰ ਦੀ ਉੱਨਤੀ ਲਈ ਕੀਤੇ ਕੰਮਾਂ ਬਾਰੇ ਵਿਚਾਰ ਸਾਂਝੇ ਕੀਤੇ।

ਇਸ ਮੌਕੇ ਜੇਲ ਸਿਖਲਾਈ ਸਕੂਲ ਦੇ ਵਾਈਸ-ਪ੍ਰਿੰਸੀਪਲ ਰਾਕੇਸ਼ ਕੁਮਾਰ ਸ਼ਰਮਾ ਨੇ ਕੁਰੈਕਸ਼ਨਲ ਸਰਵਿਸ ਦੀ ਸਮਾਜ 'ਚ ਭੂਮਿਕਾ ਬਾਰੇ ਜਾਣਕਾਰੀ ਦਿੱਤੀ। ਸਮਾਜ-ਸੇਵੀ ਕਾਕਾ ਰਾਮ ਵਰਮਾ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਕੈਰੀਅਰ ਅਕੈਡਮੀ ਪਟਿਆਲਾ ਦੇ ਵਿਦਿਆਰਥੀਆਂ ਨੇ ਸੰਗੀਤਕ ਪੇਸ਼ਕਾਰੀ ਦਿੱਤੀ। ਪ੍ਰੋਗਰਾਮ ਦੌਰਾਨ ਸੀ. ਡੀ. ਆਈ. ਇਕਬਾਲ ਸਿੰਘ ਤੇ ਸਹਾਇਕ ਸੁਪਰਡੈਂਟ ਹਰਪਾਲ ਸਿੰਘ ਸਮੇਤ ਸੰਸਥਾ ਵਿਚ ਸਿੱਖਿਆ ਪ੍ਰਾਪਤ ਕਰ ਰਹੇ ਸਿਖਿਆਰਥੀਆਂ ਨੇ ਹਿੱਸਾ ਲਿਆ। ਉਨ੍ਹਾਂ ਮਾਨਵਤਾ ਦੀ ਸੇਵਾ ਅਤੇ ਦੇਸ਼ ਦੀ ਤਰੱਕੀ ਲਈ ਆਪਣਾ ਹਰ ਯੋਗਦਾਨ ਦੇਣ ਲਈ ਵਚਨਬੱਧਤਾ ਦੁਹਰਾਈ। ਇਸ ਮੌਕੇ ਸਿਖਿਆਰਥੀਆਂ ਨੇ ਦੇਸ਼ ਪ੍ਰਤੀ ਵਫਾਦਾਰੀ ਉੱਨਤੀ ਅਤੇ ਆਪਣੇ ਆਲੇ-ਦੁਆਲੇ ਨੂੰ ਸਵੱਛ ਬਣਾਉਣ ਲਈ ਸਹੁੰ ਚੁੱਕੀ।